# EAM’s visit to Japan 6-7 October, 2020

September 29, 2020

.......................................................................................................................................

## ਵਿਦੇਸ਼ ਮੰਤਰੀ ਦੀ 6-7 ਅਕਤੂਬਰ, 2020 ਦੀ ਜਪਾਨ ਦੀ ਫੇਰੀ

29 ਸਤੰਬਰ, 2020

ਡਾ. ਐਸ. ਜੈਸ਼ੰਕਰ ਜਪਾਨੀ ਵਿਦੇਸ਼ ਮੰਤਰੀ ਨਾਲ ਦੁਵੱਲਾ ਸਲਾਹ-ਮਸ਼ਵਰਾ ਕਰਨ ਵਾਸਤੇ 6-7 ਅਕਤੂਬਰ, 2020 ਨੂੰ ਟੋਕਿਓ (ਜਪਾਨ) ਜਾਣਗੇ। ਆਸ ਹੈ ਕਿ ਦੋਵੇਂ ਮੰਤਰੀ ਆਪਸੀ ਹਿਤ ਦੇ ਦੁਵੱਲੇ ਅਤੇ ਖੇਤਰੀ ਮੁੱਦਿਆਂ ਬਾਰੇ ਵਿਚਾਰ ਵਟਾਂਦਰੇ ਕਰਨਗੇ।

ਆਪਣੀ ਇਸ ਫੇਰੀ ਦੌਰਾਨ ਵਿਦੇਸ਼ ਮੰਤਰੀ 6 ਅਕਤੂਬਰ, 2020 ਨੂੰ ਦੂਜੀ ਭਾਰਤ-ਆਸਟਰੇਲੀਆ-ਜਾਪਾਨ-ਸੰਯੁਕਤ ਰਾਜ ਅਮਰੀਕਾ ਮੰਤਰੀ ਪੱਧਰੀ ਬੈਠਕ ਵਿੱਚ ਵੀ ਹਿੱਸਾ ਲੈਣਗੇ, ਜਿਸ ਵਿੱਚ ਸਬੰਧਤ ਦੇਸ਼ਾਂ ਦੇ ਵਿਦੇਸ਼ ਮੰਤਰੀ ਭਾਗ ਲੈਣਗੇ।

ਭਾਗ ਲੈ ਰਹੇ ਵਿਦੇਸ਼ ਮੰਤਰੀ COVID- 19 ਤੋਂ ਬਾਅਦ ਦੀ ਕੌਮਾਂਤਰੀ ਵਿਵਸਥਾ ਅਤੇ ਮਹਾਂਮਾਰੀ ਤੋਂ ਪੈਦਾ ਹੋਣ ਵਾਲੀਆਂ ਵੱਖ ਵੱਖ ਚੁਣੌਤੀਆਂ ਦੇ ਤਾਲਮੇਲ ਭਰੇ ਪ੍ਰਤੀਕਰਮ ਦੀ ਲੋੜ ਬਾਰੇ ਵਿਚਾਰ-ਵਟਾਂਦਰਾ ਕਰਨਗੇ। ਉਹ ਖੇਤਰੀ ਮੁੱਦਿਆਂ 'ਤੇ ਵੀ ਵਿਚਾਰ ਵਟਾਂਦਰਾ ਕਰਨਗੇ ਅਤੇ ਅਜ਼ਾਦ, ਖੁੱਲੇ ਅਤੇ ਸਮਾਵੇਸ਼ੀ ਭਾਰਤ-ਪ੍ਰਸ਼ਾਂਤ ਖੇਤਰ ਕਾਇਮ ਰੱਖਣ ਦੀ ਮਹੱਤਤਾ ਦੀ ਤਸਦੀਕ ਕਰਨਗੇ।

ਆਪਣੀ ਜਪਾਨ ਫੇਰੀ ਦੌਰਾਨ ਵਿਦੇਸ਼ ਮੰਤਰੀ ਆਸਟਰੇਲੀਆ ਅਤੇ ਸੰਯੁਕਤ ਰਾਜ ਅਮਰੀਕਾ ਦੇ ਵਿਦੇਸ਼ ਮੰਤਰੀਆਂ ਨਾਲ ਦੁਵੱਲਾ ਵਿਚਾਰ ਵਟਾਂਦਰਾ ਵੀ ਕਰਨਗੇ।

ਨਵੀਂ ਦਿੱਲੀ
29 ਸਤੰਬਰ, 2020

DISCLAIMER: This is an approximate translation. The original is available in English on MEA’s website and may be referred to as the official press release.